ਸੇਵਾ ਵਿਖੇ

# ਸਰਕਾਰੀ ਮੈਡੀਕਲ ਕਾਲਜ, ਪਟਿਆਲਾ

1. ਸਮੂਹ ਵਿਭਾਗਾਂ ਦੇ ਮੁੱਖੀਆਂ/ਯੂਨਿਟ ਦੇ ਇੰਚਾਰਜਾਂ ਨੂੰ
2. ਮੈਡੀਕਲ ਸੁਪਰਡੰਟ, ਰਜਿੰਦਰਾ ਹਸਪਤਾਲ, ਪਟਿਆਲਾ
3. ਡਿਪਟੀ ਮੈਡੀਕਲ ਸੁਪਰਡੰਟ, ਟੀ.ਬੀ. ਹਸਪਤਾਲ, ਪਟਿਆਲਾ
4. ਮੈਡੀਕਲ ਅਫਸਰ ਇੰਚਾ ਰੂਰਲ ਡਿਸਪੈਂਸਰੀ ਤ੍ਰਿਪੜੀ
5. ਸਾਰੀਆਂ ਬਰਾਂਚਾਂ ਦੇ ਇੰਚਾਰਜਾਂ ਨੂੰ,

ਸਰਕਾਰੀ ਮੈਡੀਕਲ ਕਾਲਜ, ਪਟਿਆਲਾ ।

ਨੰਬਰ-ਲੇਖਾ-2021/ 1898-1946 ਮਿਤੀ 24/01/22

ਵਿਸ਼ਾ:- **ਗਜਟਡ ਅਤੇ ਨਾਨ ਗਜਟਡ ਅਮਲੇ ਦੀਆਂ ਆਮਦਨ ਕਰ ਵਿਵਰਣਾ ਵਿੱਤੀ ਸਾਲ 2021-22**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਮਦਨ ਕਰ ਵਿਭਾਗ ਦੀਆਂ ਨਵੀ ਹਦਾਇਤਾਂ ਅਨੁਸਾਰ ਅਧਿਕਾਰੀਆ /ਕਰਮਚਾਰੀਆ ਨੂੰ ਦੋ ਭਾਗ ਵਿੱਚ ਵੰਡੀਆ ਹੈ। ਨੱਥੀ ਫਾਰਮ ਏ ਅਤੇ ਫਾਰਮ -ਬੀ ਅਨੁਸਾਰ ਇਨ੍ਹਾ ਫਾਰਮਾ ਨੂੰ ਦੇਖਦੇ ਹੋਏ ਹਰ ਅਧਿਕਾਰੀ ਅਤੇ ਕਰਮਚਾਰੀ ਆਪਣੀ ਆਪਸ਼ਨ ਦੇਣ ਕਿ ਉਨ੍ਹਾ ਨੇ ਫਾਰਮ ਏ ਮੁਤਾਬਿਕ ਇਨਕਮ ਟੈਕਸ ਦੀ ਕਟੋਤੀ ਕਰਵਾਉਣੀ ਹੈ ਜਾ ਫਾਰਮ ਬੀ ਅਨੁਸਾਰ । ਉਹ ਫਾਰਮ ਏ ਜਾ ਫਾਰਮ ਬੀ ਭਰਕੇ ਇਸ ਸਸੰਥਾ ਵਿਖੇ ਜਮ੍ਹਾ ਕਰਵਾਉਣ ਤਾ ਜੋ **ਮਹੀਨਾ ਦਸੰਬਰ-2021 ਤੋ ਫਰਵਰੀ-2022 ਤੱਕ ਦੀ** ਤਨਖਾਹ ਆਮਦਨ ਕਰ ਦਾ ਅਨੁਮਾਨ ਲਾਉਣ ਉਪਰੰਤ ਅਦਾ ਕੀਤੀ ਜਾ ਸਕੇ। ਇਸ ਲਈ ਆਪ ਜੀ ਅਧੀਨ ਕੰਮ ਕਰਦੇ ਹਰ **ਗਜਟਡ ਅਫਸਰ, ਦਰਜਾ-3 ਅਤੇ ਦਰਜਾ-4 ਕਰਮਚਾਰੀ ਅਤੇ 40% ਕੋਟੇ ਅਧੀਨ ਦਾਖਲ ਹੋਏ ਪੀ.ਜੀ. ਵਿਦਿਆਰਥੀਆਂ ਜਿਨ੍ਹਾਂ ਦੀ ਆਮਦਨ 2,50,000/-ਰੁਪਏ ਤੋਂ ਉਪਰ ਹੈ,** ਵਲੋਂ ਨੱਥੀ ਆਮਦਨ ਕਰ ਫਾਰਮ ਤੇ ਸੂਚਨਾ ਲੈ ਕੇ ਮਿਤੀ 29-01-2022 ਤੱਕ ਹਰ ਹਾਲਤ ਵਿੱਚ, ਹੱਥ ਦਸਤੀ ਇਸ ਦਫਤਰ ਦੀ ਲੇਖਾ ਸ਼ਾਖਾ ਨੂੰ ਭੇਜੀ ਜਾਵੇ ਤਾਂ ਕਿ ਤਨਖਾਹ ਦੇ ਬਿੱਲ ਇਸ ਆਮਦਨ ਕਰ ਦਾ ਅਨੁਮਾਨ ਲਾਉਣ ਉਪਰੰਤ ਤਿਆਰ ਕੀਤੇ ਜਾ ਸਕਣ। ਜਿਹੜੇ ਗਜਟਡ ਅਫਸਰ/ਕਰਮਚਾਰੀ ਇਸ ਵਿੱਤੀ ਸਾਲ ਅੰਦਰ ਬਾਹਰਲੇ ਸਟੇਸ਼ਨਾਂ ਤੋਂ ਬਦਲ ਕੇ ਆਏ ਹਨ, ਉਹ ਆਪਣੀ ਪਿਛਲੀ ਸੰਸਥਾ ਦੇ ਸਬੰਧਤ ਡੀ.ਡੀ.ਓ. ਤੋ ਤਸਦੀਕ ਸ਼ੁਦਾ ਸੈਲਰੀ ਡਰਾਨ ਸਟੇਟਮੈਂਟ ਲੈ ਕੇ ਨੱਥੀ ਕਰਨ। ਵਿੱਤੀ ਸਾਲ ਦੇ ਇਸ ਸੰਸਥਾ ਦੇ ਸਾਰੇ ਅਧਿਕਾਰੀਆਂ/ ਕਰਮਚਾਰੀਆਂ ਦੇ ਤਨਖਾਹ ਦੇ ਵਿਵਰਣ ਤਿਆਰ ਹਨ ਜੋ ਕਿ ਨਿੱਜੀ ਤੌਰ ਤੇ ਇਸ ਦਫਤਰ ਦੀ ਲੇਖਾ ਸ਼ਾਖਾ ਤੋਂ ਪ੍ਰਾਪਤ ਕਰ ਲਏ ਜਾਣ ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ **(ਫਾਰਮ-ਏ ਅਨੁਸਾਰ)** ਆਮਦਨ ਕਰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅਕੈਡਮਿਕ ਭੱਤਾ/ ਕਨਵੈਸ ਅਲਾਂਉਸ ਦੀ ਛੋਟ ਨਹੀ ਦਿੱਤੀ ਜਾਣੀ। ਇਸ ਤੋਂ ਇਲਾਵਾ ਮਕਾਨ ਕਿਰਾਏ ਭੱਤੇ ਦੀ ਛੋਟ ਲੈਣ ਵਾਲੇ ਅਫਸਰ/ਕਰਮਚਾਰੀਆਂ ਵਲੋ ਮਕਾਨ ਮਾਲਕ ਤੋਂ ਮਕਾਨ ਕਿਰਾਇਆ ਅਦਾ ਕਰਨ ਦੀ ਸਾਰੇ ਸਾਲ ਦੀ ਰਸੀਦ ਲੈ ਕੇ ਆਮਦਨ ਕਰ ਸਾਰਣੀ ਨਾਲ ਨੱਥੀ ਕਰਨੀ ਜਰੂਰੀ ਹੈ। ਜਿਸ ਦੀ ਅਣਹੋਂਦ ਵਿੱਚ ਮਕਾਨ ਕਿਰਾਏ ਭੱਤੇ ਦੀ ਛੋਟ ਨਹੀ ਦਿੱਤੀ ਜਾਵੇਗੀ। ਜੇ ਕਰ ਕਿਸੇ ਅਫਸਰ ਨੂੰ ਮਕਾਨ ਮਾਲਕ ਵਲੋਂ ਰਸੀਦ ਨਹੀ ਦਿੱਤੀ ਜਾਂਦੀ ਤਾਂ ਸਬੰਧਤ ਅਫਸਰ ਹੇਠਾਂ ਲਿਖੇ ਅਨੁਸਾਰ ਇੱਕ ਸਵੈ ਘੋਸ਼ਣਾ ਪੱਤਰ ਦੇ ਸਕਦਾ ਹੈ ਜਿਸ ਦੀ ਭਾਸ਼ਾ ਇਸ ਤਰਾਂ ਹੋਵੇ।

**(ਫਾਰਮ-ਏ ਅਨੁਸਾਰ)**

" ਮੈ ਹਲਫ ਨਾਲ ਬਿਆਨ ਕਰਦਾ/ਕਰਦੀ ਹਾਂ ਕਿ ਮੈ ਮਕਾਨ ਨੰਬਰ ............. ਮੁਹੱਲਾ ........................................ ਪਟਿਆਲਾ ਵਿਖੇ 1-3-2021 ਤੋਂ 28-2-2022 ਤੱਕ ਰਿਹਾ /ਰਹੀ ਹਾਂ ਤੇ ਮਕਾਨ ਮਾਲਕ ਸ਼੍ਰੀ ........................................ ਪੁੱਤਰ ਸ਼੍ਰੀ ............................... ਨੂੰ ........................................ ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਮਕਾਨ ਕਿਰਾਇਆ ਦਿੰਦਾ ਰਿਹਾ/ਰਹੀ ਹਾਂ। ਜਿਸ ਸਬੰਧੀ ਮਕਾਨ ਮਾਲਕ ਨੇ ਮੈਨੂੰ ਕੋਈ ਰਸੀਦ ਨਹੀ ਦਿੱਤੀ ।"

ਉਪਰੋਕਤ ਸਬੰਧੀ ਸਵੈ ਘੋਸ਼ਣਾ ਪੱਤਰ ਆਮਦਨ ਕਰ **(ਫਾਰਮ-ਏ ਅਨੁਸਾਰ)** ਸਾਰਣੀ ਨਾਲ ਲਗਾਇਆ ਜਾਵੇ। ਜਿਹੜੇ ਅਫਸਰ/ਕਰਮਚਾਰੀ ਆਪਣੇ ਮਕਾਨਾਂ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਮਕਾਨ ਕਿਰਾਏ ਭੱਤੇ ਦੀ ਕੋਈ ਛੋਟ ਨਹੀ ਦਿੱਤੀ ਜਾਂਦੀ। ਸਰਕਾਰ ਜਾਂ ਕਿਸੇ ਹੋਰ ਅਦਾਰੇ ਤੋਂ ਮਕਾਨ ਬਨਾਉਣ ਲਈ ਲਏ ਕਰਜੇ ਤੇ ਵਿਆਜ ਦੀ ਛੋਟ ਉਪਲਬੱਧ ਹੈ । ਛੋਟ ਲੈਣ ਤੋ ਪਹਿਲਾਂ ਸਬੰਧਤ ਅਫਸਰ/ ਕਰਮਚਾਰੀ ਵਲੋ ਆਮਦਨ ਕਰ ਫਾਰਮ-12- ਈ ਅਲਾਂਉਸ ਫਰਮ ਹਾਊਸ ਪ੍ਰਾਪਰਟੀ ਡਿਕਲੇਅਰ ਕਰਨੀ ਪਵੇਗੀ, ਤਾਂ ਹੀ ਇਹ ਛੋਟ ਦਿੱਤੀ ਜਾਵੇਗੀ ।

ਜਿਹੜੇ ਅਧਿਕਾਰੀਆਂ/ ਕਰਮਚਾਰੀਆਂ ਨੇ **(ਫਾਰਮ-ਏ ਅਨੁਸਾਰ)** ਹੈਡੀਕੈਪਡ ਹੋਣ ਤੇ ਧਾਰਾ 80 ਯੂ ਅਧੀਨ ਛੋਟ ਲੈਣੀ ਹੈ, ਉਹਨਾਂ ਨੂੰ ਸਿਵਲ ਸਰਜਨ ਵਲੋਂ ਜਾਰੀ ਕੀਤਾ ਹੋਇਆ ਸਰਟੀਫਿਕੇਟ ਦੀ ਤਸਦੀਕੀ ਕਾਪੀ ਸਬੂਤ ਵਜੋ ਪੇਸ਼ ਕਰਨੀ ਜਰੂਰੀ ਹੈ ।

Scanned with Oken Scanner

ਉਪਰੋਕਤ ਤੋਂ ਇਲਾਵਾ ਜਿਸ ਅਧਿਕਾਰੀ/ ਕਰਮਚਾਰੀ ਨੇ **(ਫਾਰਮ-ਏ ਅਨੁਸਾਰ)** ਆਮਦਨ ਕਰ ਦੇ ਨਿਯਮਾਂ ਅਧੀਨ ਕੋਈ ਆਮਦਨ ਕਰ ਦੀ ਛੋਟ ਲੈਣੀ ਹੋਵੇਗੀ, ਅਜਿਹੀ ਛੋਟ ਤੱਦ ਹੀ ਦਿੱਤੀ ਜਾਵੇਗੀ ਜੇਕਰ ਸਬੰਧਤ ਅਧਿਕਾਰੀ/ ਕਰਮਚਾਰੀ ਵਲੋਂ ਕੀਤੀਆ ਬੱਚਤਾਂ ਦੇ ਸਬੂਤ ਇਸ ਦਫਤਰ ਨੂੰ ਆਮਦਨ ਕਰ ਸਾਰਣੀ ਨਾਲ ਮਿਤੀ 29-1-2022 ਤੱਕ ਪੇਸ਼ ਕੀਤੇ ਜਾਣ ਕਿਉ ਜੋ ਇਹ ਸਬੂਤ ਆਮਦਨ ਕਰ ਵਿਭਾਗ ਨੂੰ ਪੇਸ਼ ਕੀਤੇ ਜਾਣੇ ਹਨ ।

ਹਰੇਕ ਅਧਿਕਾਰੀਆਂ ਵਲੋਂ ਆਮਦਨ ਕਰ ਕੈਲਕੁਲੇਸ਼ਨ ਕਰਦੇ ਸਮੇ ਦਸਬੰਰ, ਜਨਵਰੀ ਅਤੇ ਫਰਵਰੀ ਸਮੇਤ 3% ਸਲਾਨਾ ਤਰੱਕੀ ਜੇ ਕਰ ਲੱਗਣ ਯੋਗ ਹੋਵੇ ਅਤੇ ਹੋਰ ਵਸਿਲਿਆਂ ਤੋਂ ਪ੍ਰਾਪਤ ਆਮਦਨ ਵੀ ਜਮ੍ਹਾਂ ਕਰ ਲਈ ਜਾਵੇ ।

ਇਹ ਹਦਾਇਤਾਂ ਸਾਰੇ ਕਰਮਚਾਰੀਆਂ ਨੂੰ ਕੜੀ ਪਾਲਣਾ ਲਈ ਨੋਟ ਕਰਵਾ ਦਿੱਤੀਆ ਜਾਣ ਅਤੇ ਜਿਨ੍ਹਾਂ ਦੀ ਪਹੁੰਚ ਰਸੀਦ ਇਸ ਦਫਤਰ ਨੂੰ ਘੱਲੀ ਜਾਵੇ। ਪਿਛਲੇ ਸਾਲਾਂ ਦੌਰਾਨ ਆਮ ਵੇਖਣ ਵਿੱਚ ਆਇਆ ਹੈ ਕਿ ਇਹ ਹਦਾਇਤਾਂ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਨੋਟ ਨਹੀ ਕਰਵਾਈਆਂ ਜਾਂਦੀਆਂ, ਜਿਸ ਦੇ ਸਿੱਟੇ ਵਜੋਂ ਆਮਦਨ ਕਰ ਵਿਵਰਣਾ ਨਿਸਚਿਤ ਸਮੇ ਤੇ ਪ੍ਰਾਪਤ ਨਹੀ ਹੁੰਦੀਆਂ ਅਤੇ ਤਨਖਾਹ ਦੇ ਬਿੱਲ ਲੇਟ ਹੋ ਜਾਂਦੇ ਹਨ। ਇਸ ਲਈ ਇਹਨਾਂ ਹਦਾਇਤਾਂ ਨੂੰ ਹਰ ਸਬੰਧਤ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ ।

ਆਮਦਨ ਕਰ ਸਾਰਣੀ ਵਿੱਚ ਆਮਦਨ ਕਰ ਵਿਭਾਗ ਵਲੋਂ ਅਲਾਟ ਕੀਤਾ ਪਰਮਾਨੈਂਟ ਨੰਬਰ ਜਰੂਰ ਲਿਖਿਆ ਜਾਵੇ ਤੇ ਇਸ ਦੀ ਕਾਪੀ ਵੀ ਨਾਲ ਨਥੀ ਕਰਕੇ ਭੇਜੀ ਜਾਵੇ, ਕਿਉਕਿ ਪੈਨ ਨੰਬਰ ਤੋਂ ਬਿਨਾਂ ਆਮਦਨ ਕਰ ਵਿਭਾਗ ਵਲੋਂ ਵਿਵਰਣਾ/ ਫਾਰਮ ਟੀ.ਡੀ.ਐਸ. -16 ਆਦਿ ਪਰਵਾਨ ਨਹੀ ਕੀਤੇ ਜਾਂਦੇ।

**ਨੋਟ :-ਨਿਰਧਾਰਤ ਮਿਤੀ ਤੱਕ ਲੋੜੀਦੇ ਡਾਕੂਮੈਂਟਸ ਜਮ੍ਹਾਂ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਅਧਿਕਾਰੀ/ ਕਰਮਚਾਰੀ ਦੀ ਦਸੰਬਰ ਮਹੀਨੇ ਦੀ ਤਨਖਾਹ ਵਿਚੋ ਕੈਲਕੂਲੇਸ਼ਨ ਅਨੁਸਾਰ ਬਣਦਾ ਆਮਦਨ ਕਰ ਕੱਟ ਲਿਆ ਜਾਵੇਗਾ।**

**(ਫਾਰਮ-ਏ ਅਨੁਸਾਰ)**

ਫਾਰਮ -ਏ ਤੋ ਸਪਸ਼ਟ ਹੈ ਜੇਕਰ ਕੋਈ ਅਧਿਕਾਰੀ /ਕਰਮਚਾਰੀ ਇਸ ਮੁਤਾਬਿਕ ਆਪਸ਼ਨ ਦਿੰਦਾ ਹੈ ਤਾ ਉਸ ਨੂੰ ਸਾਰੀਆ ਕਟੋਤੀਆ ਦਾ ਲਾਭ ਪਹਿਲਾ ਵਾਗ ਹੀ ਮਿਲੇਗਾ।

**(ਫਾਰਮ-ਬੀ ਅਨੁਸਾਰ)**

ਫਾਰਮ -ਬੀ ਤੋ ਸਪਸ਼ਟ ਹੈ ਜੇਕਰ ਕੋਈ ਅਧਿਕਾਰੀ /ਕਰਮਚਾਰੀ ਨੇ ਫਾਰਮ ਬੀ ਅਨੁਸਾਰ ਆਪਸ਼ਨ ਦਿੱਤੀ ਤਾ ਉਸ ਨੂੰ ਆਮਦਨ ਕਰ ਦੀਆ ਨਵੀ ਹਦਾਇਤਾ ਅਨੁਸਾਰ ਮਕਾਨ ਕਿਰਾਏ / ਮਕਾਨ ਲੋਨ ਤੇ ਬਣਦਾ ਵਿਆਜ ਆਦਿ। ਕਿਸ਼ੇ ਵੀ ਸੈਵਿੰਗਾ ਦਾ ਲਾਭ ਨਹੀ ਦਿੱਤਾ ਜਾਵੇਗਾ।

ਪ੍ਰਿੰਸੀਪਲ
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਪਿੱਠ ਅੰਕਣ ਨੰ: -ਲੇਖਾ/2021/ 1947-49 ਮਿਤੀ 24/01/22

ਉਤਾਰਾ :-

1 ਡਾਇਰੈਕਟਰ, ਖੋਜ਼ ਤੇ ਮੈਡੀਕਲ ਸਿਖਿਆ, ਪੰਜਾਬ, ਚੰਡੀਗੜ੍ਹ
2. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅਮ੍ਰਿਤਸਰ
3. ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ

ਨੂੰ ਭੇਜ਼ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਜਿਹੜੇ ਇਸ ਸੰਸਥਾ ਦੇ ਅਫਸਰ/ ਕਰਮਚਾਰੀ ਉਹਨਾਂ ਦੇ ਦਫਤਰ ਵਿੱਚ ਡਿਊਟੀ ਕਰਦੇ ਹਨ, ਉਹਨਾਂ ਦੀ ਆਮਦਨ ਕਰ ਸਾਰਣੀ ਮਿਤੀ 29-1-2022 ਤੋ ਪਹਿਲਾਂ ਇਸ ਦਫਤਰ ਨੂੰ ਭੇਜ਼ ਦਿੱਤੀਆ ਜਾਣ ਤਾ ਜੋ ਆਮਦਨ ਕਰ ਅਨੁਮਾਨ ਲਗਾਉਣ ਉਪਰੰਤ ਉਹਨਾਂ ਦੀ ਤਨਖਾਹ ਸਮੇ ਸਿਰ ਬਣਾਈ ਜਾ ਸਕੇ ।

ਪ੍ਰਿੰਸੀਪਲ
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

Scanned with Oken Scanner

# (ਫਾਰਮ-ਏ)

## ਸਰਕਾਰੀ ਮੈਡੀਕਲ ਕਾਲਜ,ਪਟਿਆਲਾ

### ਆਮਦਨ ਕਰ ਸਾਰਣੀ ਸਾਲ 2021-2022

ਡਾ/ਸ੍ਰੀ/ਸ੍ਰੀਮਤੀ.................................................ਅਹੁੱਦਾ..............................

ਵਿਭਾਗ.................................ਸਰਕਾਰੀ ਮੈਡੀਕਲ ਕਾਲਜ, ਪਟਿਆਲਾ

(PAN No.) ........................................ (ਪੈਨ ਕਾਰਡ ਦੀ ਫੋਟੋਕਾਪੀ ਨੱਥੀ ਕੀਤੀ ਜਾਵੇ) (ਜਰੂਰੀ ਹੈ)

| | | |
|---|---|---|
| 1 | ਸਾਲ 2021-22 ਦੀ ਕੁਲ ਆਮਦਨ ਸਮੇਤ ਐਲ.ਟੀ.ਸੀ. ਲੀਵ ਇਨਕੇਸ਼ਮੈਂਟ ਟਰੇਨਿੰਗ ਪੇਪਰਾਂ ਦੀ ਚੈਕਿੰਗ ਅਤੇ ਪੇਪਰਾਂ ਵਿਚ ਦਿੱਤੀਆਂ ਡਿਊਟੀਆਂ ਦਾ ਮਾਨਭੱਤਾ ਆਦਿ ਨੂੰ ਜੋੜ ਕੇ | ........................ |
| | Add -NPS employer share14% | |
| 2 | ਐਚ.ਆਰ.ਏ ਯੋਗ ਰਕਮ (ਮੂਲ ਤਨਖਾਹ + ਐਨਪੀਏ + ਡੀ.ਏ ) ਤੋਂ 10% ਜਾਂ ਸਟੈਂਡਰਡ ਰੇਟ) ਦੋਹਾਂ ਚੋ ਜੋ ਵੀ ਘੱਟ ਹੋਵੇ। | ........................ |
| 3 | ਸਟੇਂਡਰ ਡਿਡਕਸ਼ਨ 50000- | |
| 4 | ਜਮ੍ਹਾਂ ਹੋਰ ਵਸੀਲਿਆਂ ਤੋਂ ਆਮਦਨ | |
| 5 | ਆਮਦਨ ਕਰ ਐਕਟ ਦੀਆਂ ਹੋਰ ਧਾਰਾਂਵਾਂ ਅਨੁਸਾਰ ਛੋਟਾਂ | |
| 6 | ਮਕਾਨ ਕਰਜੇ ਤੇ ਬਣਦਾ ਵਿਆਜ (ਧਾਰਾ 24 ਅਧੀਨ) ਬਾਕੀ ਰਕਮ Max 2 lac | |
| 7 | ਕੁਲ ਆਮਦਨ | |
| 8 | ਆਮਦਨ ਕਰ ਐਕਟ ਦੀ ਧਾਰਾ 80 ਅਧੀਨ ਛੋਟਾਂ | |
| | Max 1.50 lac | |
| | (ਜ) ਧਾਰਾ 80 ਸੀ.ਸੀ.ਈ.ਅਧੀਨ | |
| | (1) ਧਾਰਾ 80 ਸੀ. | |
| | ੳ) ਜੀ.ਪੀ.ਫੰਡ/ਸੀ.ਪੀ.ਐਫ | |
| | (ਅ) ਜੀ.ਆਈ.ਐਸ. | |
| | (ੲ) ਪੀ.ਪੀ.ਐਫ. | |
| | (ਸ) ਹੋਰ | |
| 9 | ਜਮ੍ਹਾਂ ਹੋਰ ਛੋਟਾਂ | |
| | ਕਰ ਯੋਗ ਰਕਮ | |
| 10 | ਧਾਰਾ 80 ਡੀ ਦੀਆਂ ਛੋਟਾਂ | |
| | 1) 80 C C D ( 1B) Employee save (Max. 50000) | |
| | 2) 80 C C D (2) NPS employer Share 10% | |
| | 3) 80 D-Health Insurance | |
| | 4) 80 E- Education Loan | |
| | 5) 80 U Handicapped 40 <80%A 750000<br>>80%A to above 125000 | |
| 11 | ਬਾਕੀ ਕਰ ਯੋਗ ਆਮਦਨ | |
| 12 | ਕਰ ਯੋਗ ਆਮਦਨ ਤੇ ਆਮਦਨ ਕਰ | |
| | ਕੁਲ ਆਮਦਨ- 250000 ਤੱਕ- ਨਿੱਲ<br>ਸੀਨੀਅਰ ਸੀਟੀਜ਼ਨ-300000- ਨਿੱਲ | |
| | ਕੁਲ ਆਮਦਨ-250001 ਤੋਂ 500000 ਤਕ @ 5% | |
| | ਕੁਲ ਆਮਦਨ-500001 ਤੋਂ 1000000 @ 20% | |
| | ਆਮਦਨ 1000001 ਤੋਂ ਉਪਰ @ 30% | |
| 13 | ਕੁੱਲ ਆਮਦਨ ਕਰ | |
| 14 | ਜਿਨ੍ਹਾ ਕਰਮਚਾਰੀਆਂ ਦੀ ਆਮਦਨ 500000- ਰੁਪਏ ਤੋਂ ਘੱਟ ਹੈ ਉਹਨਾਂ ਨੂੰ 12500 ਰੁਪਏ ਤਕ ਟੇਕਸ ਦੀ ਛੋਟ ਹੈ (87-A)। | |
| 15 | ਐਜੂਕੇਸ਼ਨ ਸੇਸ ( ਆਮਦਨ ਕਰ ਦਾ 4% ) | |
| 16 | ਕੁਲ ਵਸੂਲਣਯੋਗ ਆਮਦਨ ਕਰ | |
| 17 | ਪਹਿਲਾਂ ਮਿਤੀ 31.12.2021 ਤੱਕ ਵਸੂਲ ਕੀਤਾ ਆਮਦਨ ਕਰ | |
| 18 | ਬਾਕੀ ਵਸੂਲਣਯੋਗ ਆਮਦਨ ਕਰ | |

ਉਪਰੋਕਤ ਤੋਂ ਇਲਾਵਾ ਇਸ ਵਿੱਤੀ ਸਾਲ ਵਿਚ ਵੱਖ ਵੱਖ ਸਕੀਮਾਂ ਅਧੀਨ ਆਮਦਨ ਕਰ ਵਿਚ ਛੋਟ ਸਬੰਧੀ ਦਰਸਾਈਆਂ ਬੱਚਤਾਂ ਦੇ ਸਬੂਤ ਮੈ ਮਿਤੀ 31-01-2022 ਤਕ ਹਰ ਹਾਲਤ ਵਿੱਚ ਪੇਸ਼ ਕਰਾਂਗਾ/ਕਰਾਂਗੀ।

ਮੈ ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਮੈਨੂੰ ਕਾਲਮ ਨੰ: 1 ਸੈਲਰੀ ਅਤੇ ਕਾਲਮ ਨੰ: 3 ਦੀ ਕੁੱਲ ਆਮਦਨ ਤੋਂ ਸਿਵਾਏ ਸਾਲ 2021-22 ਦੌਰਾਨ ਹੋਰ ਕੋਈ ਆਮਦਨ ਪ੍ਰਾਪਤ ਨਹੀ ਹੋਈ ਹੈ।

ਮਿਤੀ........................

ਅਧਿਕਾਰੀ/ਕਰਮਚਾਰੀ ਦੇ ਹਸਤਾਖਰ

ਅਹੁਦਾ ..............................

ਵਿਭਾਗ ..............................

ਮੋਬਾਈਲ ਨੰ: ........................

Scanned with Oken Scanner

## ਸਾਲ 2022-23 ਲਈ ਤਜਵੀਜੀ ਬੱਚਤਾਂ

(ੳ) ਜੀ.ਪੀ.ਫੰਡ ਕਟੌਤੀ: ..............................

(ਅ)ਆਮਦਨ ਕਰ ਦੀ ਤਜ਼ਵੀਜ ਕੀਤੀ ਮਹਾਵਾਰੀ ਕਟੌਤੀ ..............................

ਮਿਤੀ:........................

ਅਧਿਕਾਰੀ/ਕਰਮਚਾਰੀ ਦੇ ਹਸਤਾਖਰ
(ਮੋਹਰ ਸਮੇਤ)

..............................................................................................................................

ਦਫਤਰੀ ਵਰਤੋ ਲਈ

ੳ) ਜੀ.ਪੀ.ਫੰਡ. ਦੀ ਕਟੌਤੀ ........................................

ਅ) ਆਮਦਨ ਕਰ ਦੀ ਤਜਵੀਜ ਕੀਤੀ ਮਹਾਂਵਾਰੀ ਕਟੌਤੀ ........................................

Scanned with Oken Scanner